



ਐਨਵਾਈਸੀ ਹਿਊਮਨ ਰਾਈਟਸ ਕਨੂੰਨ (NYC Human Rights Law) ਤਹਿਤ

# 5 ਚੀਜ਼ਾਂ ਜੋ ਤੁਹਾਨੂੰ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਬਾਰੇ ਜਾਣਨੀਆਂ ਚਾਹੀਦੀਆਂ ਹਨ

*ਆਪਣੀ ਨਸਲ ਜਾਂ ਧਰਮ ਕਾਰਨ ਗੁਆਂਢ ਵਿੱਚ ਤੁਹਾਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ?*
*ਪਰੇਸ਼ਾਨ ਕੀਤਾ ਜਾਂਦਾ ਹੈ ਕਿਉਂਕਿ ਤੁਸੀਂ ਵਿਪਰੀਤਲਿੰਗੀ ਹੋ?*
*ਤੁਹਾਡੇ ਤੇ ਚੀਕਿਆ ਜਾਂਦਾ ਹੈ ਕਿਉਂਕਿ ਤੁਸੀਂ ਆਪਣੇ ਪਰਿਵਾਰ ਨਾਲ ਵਿਦੇਸ਼ੀ ਭਾਸ਼ਾ ਵਿੱਚ ਗੱਲ ਕਰਦੇ ਹੋ?*

**ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ** ਵਿੱਚ ਧਮਕਾਉਣਾ, ਡਰਾਉਣਾ, ਪਰੇਸ਼ਾਨ ਕਰਨਾ, ਜ਼ਬਰਦਸਤੀ ਕਰਨਾ ਜਾਂ ਹਿੰਸਾ ਸ਼ਾਮਲ ਹੈ ਜੋ:

- ਕਿਸੇ ਵਿਅਕਤੀ ਦੇ ਨਾਗਰਿਕ ਜਾਂ ਸੰਵਿਧਾਨਿਕ ਅਧਿਕਾਰਾਂ ਵਿੱਚ ਦਖਲ ਦਿੰਦੀ ਹੈ; ਅਤੇ
- ਕੁਝ ਅੰਸ਼ ਤਕ ਉਸ ਵਿਅਕਤੀ ਦੀ ਅਸਲੀ ਜਾਂ ਕਥਿਤ ਨਸਲ, ਸੰਪ੍ਰਦਾਇ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਭੇਦ, ਲਿੰਗਕ ਰੁਝਾਨ, ਉਮਰ, ਅਪੰਗਤਾ ਜਾਂ ਵਿਦੇਸ਼ੀ ਜਾਂ ਨਾਗਰਿਕਤਾ ਦੀ ਸਥਿਤੀ ਜਾਂ ਹੋਰ ਸੁਰੱਖਿਅਤ ਸਥਿਤੀ ਰਾਹੀਂ ਪ੍ਰੇਰਿਤ ਹੁੰਦੀ ਹੈ।

1 **ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਦੀ ਰਿਪੋਰਟ ਕਰਨਾ ਆਸਾਨ ਹੈ।** ਕਮਿਸ਼ਨ ਵਿੱਚ ਪੱਖਪਾਤੀ ਕਾਰਵਾਈ ਦੀ ਰਿਪੋਰਟ ਕਰਨ ਸਮੇਂ, ਤੁਹਾਨੂੰ ਕੇਵਲ ਕਮਿਸ਼ਨ ਨੂੰ ਕਾਲ ਕਰਨ ਅਤੇ ਇਹ ਦੱਸਣ ਦੀ ਲੋੜ ਹੁੰਦੀ ਹੈ ਕਿ ਕੀ ਵਾਪਰਿਆ ਹੈ। ਅਸੀਂ ਉੱਥੋਂ ਤੁਹਾਨੂੰ ਗਾਈਡ ਕਰਾਂਗੇ।

2 **ਐਨਵਾਈਸੀ ਵਿੱਚ ਹਰੇਕ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਦੀ ਕਾਰਵਾਈ ਕਰਨੀ ਵਰਜਿਤ ਹੈ,** ਜਿਵੇਂ ਕਿ ਪਰੇਸ਼ਾਨ ਕਰਨ ਖਿਲਾਫ ਹਰੇਕ ਦੀ ਰੱਖਿਆ ਕੀਤੀ ਜਾਂਦੀ ਹੈ। ਕੋਈ ਗੁਆਂਢੀ ਜੋ ਤੁਹਾਨੂੰ ਪਰੇਸ਼ਾਨ ਕਰਦਾ ਹੈ, ਕੋਈ ਵਿਅਕਤੀ ਜਿਸ ਨੇ ਤੁਹਾਡੇ ਉੱਪਰ ਸੜਕ ਤੇ ਹਮਲਾ ਕਰਦਾ ਹੈ, ਜਾਂ ਬੱਸ ਵਿੱਚ ਸਹਿ-ਯਾਤਰੀ ਇਹ ਸਾਰੇ ਇਸ ਤਰ੍ਹਾਂ ਦੇ ਪੱਖਪਾਤੀ ਕੰਮਾਂ ਨੂੰ ਕਰਨ ਤੋਂ ਵਰਜਿਤ ਹਨ। ਇਸ ਤੋਂ ਇਲਾਵਾ, ਜਦੋਂ ਕਿਸੇ ਹਮਲਾ ਕਰਨ ਵਾਲੇ ਕੋਲ ਤੁਹਾਨੂੰ ਪਰੇਸ਼ਾਨ ਕਰਨ ਦੇ ਬਹੁਤ ਸਾਰੇ ਕਾਰਨ ਹੋਣ, ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨਾ ਵਰਜਿਤ ਹੈ ਭਾਵੇਂ ਇਹ ਪੀੜਤ ਦੀ ਸੁਰੱਖਿਅਤ ਸਥਿਤੀ ਦੁਆਰਾ ਕੇਵਲ ਅੰਸ਼ਕ ਰੂਪ ਵਿੱਚ ਹੀ ਪ੍ਰੇਰਿਤ ਹੋਵੇ।

3 **ਤੁਹਾਨੂੰ ਹਮੇਸ਼ਾਂ ਪੱਖਪਾਤੀ ਕਾਰਵਾਈ ਦੀ ਰਿਪੋਰਟ ਕਰਨੀ ਚਾਹੀਦੀ ਹੈ,** ਭਾਵੇਂ ਜੇ ਤੁਸੀਂ ਗੁਮਨਾਮ ਰਹਿਣਾ ਚਾਹੁੰਦੇ ਹੋ। ਕਮਿਸ਼ਨ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਦੁਬਾਰਾ ਹੋਣ ਤੋਂ ਰੋਕਣ ਲਈ ਤਹਾਡੇ ਇਲਾਕੇ ਦੇ ਭਾਈਚਾਰਕ ਮੈਂਬਰਾਂ ਨਾਲ ਕੰਮ ਕਰ ਸਕਦਾ ਹੈ।

4 **ਜਦੋਂ ਤੁਸੀਂ ਕਿਸੇ ਦੋਸ਼ੀ ਦੇ ਖਿਲਾਫ ਬਿਆਨ ਦਿੰਦੇ ਹੋ,** ਤਾਂ ਕਮਿਸ਼ਨ ਇਹ ਮੰਗ ਕਰਦਨ ਦਾ ਆਦੇਸ਼ ਲੈ ਸਕਦਾ ਹੈ ਕਿ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਨੂੰ ਬੰਦ ਕੀਤਾ ਜਾਵੇ, ਪਰੇਸ਼ਾਨ ਕਰਨ ਦੇ ਹੋਰ ਕਿਸੇ ਦੁਰਵਿਹਾਰ ਜਾਂ ਨਕਾਰਾਤਮਕ ਪ੍ਰਭਾਵਾਂ ਨੂੰ ਰੋਕਦੇ ਹੋਏ।

5 **ਕਮਿਸ਼ਨ ਤੁਹਾਨੂੰ ਪਰੇਸ਼ਾਨ ਕਰਨ ਵਾਲੇ ਨੂੰ ਪਰੇਸ਼ਾਨ ਕਰਨ ਕਾਰਨ ਹੋਏ ਫੁਟਕਲ ਖਰਚਿਆਂ ਨੂੰ ਦੇਣ ਲਈ ਆਦੇਸ਼ ਦੇ ਸਕਦਾ ਹੈ,** ਅਤੇ ਭਾਵਾਤਮਕ ਨੁਕਸਾਨ ਲਈ ਮੁਆਵਜ਼ਾ ਦੇਣ ਲਈ ਵੀ ਆਦੇਸ਼ ਦੇ ਸਕਦਾ ਹੈ। ਕਮਿਸ਼ਨ ਪਰੇਸ਼ਾਨ ਕਰਨ ਵਾਲੇ ਨੂੰ ਕਨੂੰਨੀ ਜ਼ੁਰਮਾਨਿਆਂ ਦੇਣ ਲਈ ਵੀ ਆਦੇਸ਼ ਦੇ ਸਕਦਾ ਹੈ।

**ਐਨਵਾਈਸੀ ਵਿੱਚ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ।**
ਕਿਰਪਾ ਕਰਕੇ 212-416-0197 ਤੇ ਕਾਲ ਕਰੋ ਅਤੇ ਹਿਊਮਨ ਰਾਈਟਸ ਤੇ ਐਨਵਾਈਸੀ ਕਮਿਸ਼ਨ (NYC Commission on Human Rights) ਲਈ ਪੁੱਛੋ ਜੇ ਕੋਈ ਵਿਅਕਤੀ ਤੁਹਾਡੀ ਸੁਰੱਖਿਅਤ ਸਥਿਤੀ ਕਾਰਨ ਤੁਹਾਨੂੰ ਧਮਕਾਉਂਦਾ, ਪਰੇਸ਼ਾਨ ਕਰਦਾ ਜਾਂ ਡਰਾਉਂਦਾ ਹੈ, ਜਾਂ ਹਿੰਸਾ ਕਰਦਾ ਹੈ ਜਾਂ ਤੁਹਾਡੇ ਨਾਲ ਜ਼ਬਰਦਸਤੀ ਕਰਦਾ ਹੈ, ਜਿਵੇਂ ਕਿ ਨਸਲ, ਰੰਗ, ਧਰਮ/ਸੰਪ੍ਰਦਾਇ, ਰਾਸ਼ਟਰੀ ਮੂਲ, ਲਿੰਗ, ਲਿੰਗ ਭੇਦ, ਅਪੰਗਤਾ, ਲਿੰਗਕ ਰੁਝਾਨ ਜਾਂ ਇਮੀਗ੍ਰੇਸ਼ਨ ਸਥਿਤੀ। ਇਹ ਕਾਰਵਾਈਆਂ ਐਨਵਾਈਸੀ ਹਿਊਮਨ ਰਾਈਟਸ ਕਨੂੰਨ ਦੁਆਰਾ ਵਰਜਿਤ ਹਨ।

@NYCCHR
NYC.gov/HumanRights

NYC ਹਿਊਮਨ ਰਾਈਟਸ ਤੇ ਕਮਿਸ਼ਨ